ਮਿੱਠੇ ਬੱਚੇ:- "ਮਿੱਠੇ ਬੱਚੇ :- ਬੁੱਧੀ ਨੂੰ ਇੱਥੇ - ਉੱਥੇ ਭਟਕਾਉਣ ਦੀ ਬਜਾਏ ਘਰ ਵਿਚ ਬਾਪ ਨੂੰ ਯਾਦ ਕਰੋ, ਦੂਰ - ਦੂਰ ਤੱਕ ਬੁੱਧੀ ਨੂੰ ਲੈ ਜਾਵੋ - ਇਸ ਨੂੰ ਹੀ ਯਾਦ ਦੀ ਯਾਤ੍ਰਾ ਕਿਹਾ ਜਾਂਦਾ ਹੈ"

ਪ੍ਰਸ਼ਨ:- ਜੋ ਬੱਚੇ ਸੱਚੇ ਦਿਲ ਨਾਲ ਬਾਪ ਨੂੰ ਯਾਦ ਕਰਦੇ ਹਨ ਉਨ੍ਹਾਂ ਦੀ ਨਿਸ਼ਾਨੀ ਕੀ ਹੋਵੇਗੀ?

ਉੱਤਰ:- 1. ਸੱਚੀ ਦਿਲ ਨਾਲ ਯਾਦ ਕਰਨ ਵਾਲਿਆਂ ਬੱਚਿਆਂ ਤੋਂ ਕਦੇ ਕੋਈ ਵਿਕਰਮ ਨਹੀਂ ਹੋ ਸਕਦਾ। ਉਨ੍ਹਾਂ ਤੋਂ ਅਜਿਹਾ ਕਰਮ ਨਹੀਂ ਹੋਵੇਗਾ ਜਿਸ ਨਾਲ ਬਾਪ ਦੀ ਗਲਾਣੀ ਹੋਵੇ। ਉਨ੍ਹਾਂ ਦੇ ਮੈਨਰਜ ਬੜੇ ਚੰਗੇ ਹੁੰਦੇ ਹਨ। 2. ਉਹ ਭੋਜਨ ਤੇ ਯਾਦ ਵਿੱਚ ਰਹਿਣਗੇ। ਨੀਂਦ ਵੀ ਸਮੇਂ ਤੇ ਆਪੇ ਖੁਲ ਜਾਵੇਗੀ। ਉਹ ਬਹੁਤ ਸਹਿਣਸ਼ੀਲ, ਬਹੁਤ ਮਿੱਠੇ ਹੋਣਗੇ। ਬਾਪ ਤੋਂ ਕੋਈ ਵੀ ਗੱਲ ਛਿਪਾਉਣਗੇ ਨਹੀਂ।

ਗੀਤ:- ਹਮਾਰੇ ਤੀਰਥ ਨਿਆਰੇ ਹੈਂ...

ਓਮ ਸ਼ਾਂਤੀ। ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ, ਕੋਈ ਨਿਰਾਕਾਰ ਬਾਪ ਨੂੰ ਸਮਝੇ, ਕੋਈ ਸਾਕਾਰ ਬਾਪ ਨੂੰ ਸਮਝੇ, ਕੋਈ ਮਾਤ - ਪਿਤਾ ਨੂੰ ਸਮਝੇ। ਇਹ ਮਾਤਾ - ਪਿਤਾ ਸਮਝਾਉਂਦੇ ਹਨ ਤਾਂ ਵੀ ਮਾਤਾ ਵੱਖ ਅਤੇ ਪਿਤਾ ਵੱਖ ਹੋ ਜਾਂਦੇ ਹਨ। ਜੇਕਰ ਨਿਰਾਕਾਰ ਸਮਝਾਏ ਤਾਂ ਨਿਰਾਕਾਰ ਵੱਖ, ਸਾਕਾਰ ਵੱਖ ਹੋ ਜਾਂਦੇ। ਪ੍ਰੰਤੂ ਇਹ ਸਮਝਾਉਣ ਵਾਲਾ ਬਾਪ ਹੈ। ਤੁਸੀਂ ਬੱਚੇ ਹੀ ਇਹ ਜਾਣਦੇ ਹੋ ਕੀ ਜਿਸਮਾਨੀ ਤੀਰਥ ਅਤੇ ਰੂਹਾਨੀ ਤੀਰਥ ਹਨ। ਉਹ ਜਿਸਮਾਨੀ ਤੀਰਥ ਅੱਧਾਕਲਪ ਦੇ ਲਈ ਹਨ, ਜੇਕਰ ਕਹਾਂਗੇ ਜਨਮ - ਜਣਮੰਤ੍ਰ ਤੋਂ ਚਲਦੇ ਆਏ ਹਨ ਤਾਂ ਫਿਰ ਇਵੇਂ ਸਮਝਣਗੇ ਸ਼ੁਰੂ ਤੋਂ ਲੈਕੇ ਇਹ ਚਲਦੇ ਹਨ, ਅਨਾਦਿ ਹਨ। ਇਵੇਂ ਤਾਂ ਹੈ ਨਹੀਂ ਇਸਲਈ ਅਧਾਕਲਪ ਤੋਂ ਕਿਹਾ ਜਾਂਦਾ ਹੈ। ਹੁਣ ਬਾਪ ਨੇ ਆਕੇ ਇਨ੍ਹਾਂ ਤੀਰਥਾਂ ਦਾ ਰਾਜ਼ ਸਮਝਾਇਆ ਹੈ। ਮਨਮਨਾਭਵ ਮਤਲਬ ਰੂਹਾਨੀ ਤੀਰਥ। ਜਰੂਰ ਆਤਮਾਵਾਂ ਨੂੰ ਹੀ ਸਮਝਾਉਂਦੇ ਹਨ ਅਤੇ ਸਮਝਾਉਣ ਵਾਲਾ ਹੈ ਪਰਮਪਿਤਾ। ਹੋਰ ਕੋਈ ਸਮਝਾ ਨਾ ਸਕੇ। ਹਰ ਇੱਕ ਆਪਣੇ - ਆਪਣੇ ਧਰਮ ਸਥਾਪਕ ਦੇ ਤੀਰਥ ਤੇ ਜਾਂਦੇ ਹਨ। ਇਹ ਵੀ ਅੱਧਾਕਲਪ ਦੀ ਰਸਮ ਰਿਵਾਜ ਹੈ। ਸਭ ਤੀਰਥ ਕਰਦੇ ਹਨ ਪ੍ਰੰਤੂ ਉਹ ਕਿਸੇ ਨੂੰ ਸਦਗਤੀ ਦੇ ਨਹੀਂ ਸਕਦੇ। ਖੁਦ ਹੀ ਘੜੀ - ਘੜੀ ਤੀਰਥਾਂ ਤੇ ਜਾਂਦੇ ਰਹਿੰਦੇ। ਅਮਰਨਾਥ, ਬਦ੍ਰੀਨਾਥ ਵੱਲ ਵਰ੍ਹੇ - ਵਰ੍ਹੇ ਤੀਰਥ ਕਰਨ ਨਿਕਲਦੇ ਫਿਰ ਚਾਰੋਂ ਧਾਮ ਕਰਦੇ ਹਨ। ਹੁਣ ਇਹ ਰੂਹਾਨੀ ਤੀਰਥ ਸਿਰਫ ਤੁਸੀਂ ਜਾਣਦੇ ਹੋ। ਰੂਹਾਨੀ ਸੁਪ੍ਰੀਮ ਬਾਪ ਨੇ ਸਮਝਾਇਆ ਹੈ ਮਨਮਨਾਭਵ ਹੋਰ ਜਿਸਮਾਨੀ ਤੀਰਥ ਆਦਿ ਸਭ ਛੱਡੋ, ਮੈਨੂੰ ਯਾਦ ਕਰੋ ਤਾਂ ਤੁਸੀਂ ਸੱਚੇ - ਸੱਚੇ ਸਵਰਗ ਵਿਚ ਚਲੇ ਜਾਵੋਗੇ। ਯਾਤ੍ਰਾ ਮਾਨਾ ਆਉਣ - ਜਾਣਾ। ਉਹ ਤੇ ਹੁਣ ਹੀ ਹੁੰਦਾ ਹੈ। ਸਤਿਯੁਗ ਵਿੱਚ ਯਾਤ੍ਰਾ ਹੁੰਦੀ ਨਹੀਂ। ਤੁਸੀਂ ਸਦਾ ਦੇ ਲਈ ਸਵਰਗ ਆਸ਼ਰਮ ਵਿਚ ਜਾਕੇ ਬੈਠੋਗੇ। ਇੱਥੇ ਤਾਂ ਸਿਰਫ ਨਾਮ ਰੱਖ ਦਿੰਦੇ ਹਨ। ਅਸਲ ਵਿੱਚ ਸਵਰਗ ਆਸ਼ਰਮ ਇੱਥੇ ਹੁੰਦਾ ਨਹੀਂ। ਸਵਰਗ ਆਸ਼ਰਮ ਸਤਿਯੁਗ ਨੂੰ ਕਿਹਾ ਜਾਂਦਾ ਹੈ। ਨਰਕ ਨੂੰ ਇਹ ਅੱਖਰ ਦੇ ਨਹੀਂ ਸਕਦੇ। ਨਰਕਵਾਸੀ ਨਰਕ ਵਿੱਚ ਹੀ ਰਹਿੰਦੇ ਹਨ, ਸਵਰਗਵਾਸੀ ਸਵਰਗ ਵਿਚ ਰਹਿੰਦੇ ਹਨ। ਇੱਥੇ ਤੇ ਜਿਸਮਾਨੀ ਆਸ਼ਰਮ ਵਿੱਚ ਜਾਕੇ ਫਿਰ ਮੁੜ ਆਉਂਦੇ ਹਨ। ਇਹ ਬੇਹੱਦ ਦਾ ਬਾਪ ਸਮਝਾਉਂਦੇ ਹਨ। ਅਸਲ ਵਿੱਚ ਸੱਚਾ - ਸੱਚਾ ਬੇਹੱਦ ਦਾ ਗੁਰੂ ਇੱਕ ਹੀ ਹੈ। ਬੇਹੱਦ ਦਾ ਬਾਪ ਵੀ ਇੱਕ ਹੈ। ਭਾਵੇਂ ਕਹਿੰਦੇ ਹਨ ਆਗਾਖਾਂ ਗੁਰੂ, ਪ੍ਰੰਤੂ ਉਹ ਕੋਈ ਗੁਰੂ ਨਹੀਂ ਹੈ। ਸਦਗਤੀ ਦਾਤਾ ਤੇ ਨਹੀਂ ਹੈ ਨਾ। ਜੇਕਰ ਸਦਗਤੀ ਦਾਤਾ ਹੁੰਦਾ ਤਾਂ ਖੁਦ ਵੀ ਗਤੀ - ਸਦਗਤੀ ਵਿੱਚ ਜਾਣ। ਉਨ੍ਹਾਂ ਨੂੰ ਗੁਰੂ ਨਹੀਂ ਕਹਾਂਗੇ। ਇਹ ਤਾਂ ਸਿਰਫ ਨਾਮ ਰੱਖ ਦਿੱਤੇ ਹਨ। ਸਿੱਖ ਲੋਕ ਕਹਿੰਦੇ ਹਨ ਸਤਿਗੁਰੂ ਅਕਾਲ। ਅਸਲ ਵਿੱਚ ਸਤ ਸ਼੍ਰੀ ਅਕਾਲ ਇੱਕ ਹੀ ਪਰਮਾਤਮਾ ਹੈ। ਜਿਸਨੂੰ ਸਤਿਗੁਰੂ ਵੀ ਕਹਿੰਦੇ ਹਨ। ਉਹ ਹੀ ਸਦਗਤੀ ਕਰਨ ਵਾਲਾ ਹੈ। ਇਸਲਾਮੀ, ਬੁੱਧੀ ਜਾਂ ਬ੍ਰਹਮਾ ਆਦਿ ਨਹੀਂ ਕਰ ਸਕਦੇ। ਭਾਵੇਂ ਕਹਿੰਦੇ ਹਨ ਗੁਰੂ ਬ੍ਰਹਮਾ, ਗੁਰੂ ਵਿਸ਼ਨੂੰ। ਹੁਣ ਗੁਰੂ ਭਾਵੇਂ ਬ੍ਰਹਮਾ ਨੂੰ ਕਿਹਾ ਜਾਵੇ ਬਾਕੀ ਗੁਰੂ ਵਿਸ਼ਨੂੰ, ਗੁਰੂ ਸ਼ੰਕਰ ਤਾਂ ਹੋ ਨਹੀਂ ਸਕਦੇ। ਗੁਰੂ ਬ੍ਰਹਮਾ ਦਾ ਨਾਮ ਹੈ ਜਰੂਰ। ਪ੍ਰੰਤੂ ਬ੍ਰਹਮਾ ਗੁਰੂ ਦਾ ਵੀ ਤਾਂ ਗੁਰੂ ਹੋਵੇਗਾ ਨਾ। ਸਤ ਸ਼੍ਰੀ ਅਕਾਲ ਦਾ ਤੇ ਫਿਰ ਕੋਈ ਗੁਰੂ ਨਹੀਂ। ਉਹ ਇੱਕ ਹੀ ਸਤਿਗੁਰੂ ਹੈ। ਬਾਕੀ ਹੋਰ ਕੋਈ ਗੁਰੂ ਜਾਂ ਫਿਲਾਸਫਰ ਜਾਂ ਸਪ੍ਰਿਚੁਅਲ ਨਾਲੇਜ਼ ਦੇਣ ਵਾਲਾ ਹੈ ਨਹੀਂ, ਸਿਵਾਏ ਇੱਕ ਦੇ। ਬੁੱਧ ਆਦਿ ਤਾਂ ਆਪਣੇ ਪਿੱਛਾੜੀ ਸਭ ਨੂੰ ਲੈ ਆਉਂਦੇ ਹਨ। ਉਨ੍ਹਾਂ ਨੂੰ ਰਜੋ - ਤਮੋ ਵਿੱਚ ਆਉਣਾ ਹੀ ਹੈ। ਉਹ ਕੋਈ ਸਦਗ਼ਤੀ ਦੇ ਲਈ ਨਹੀਂ ਆਉਂਦੇ ਹਨ। ਸਦਗ਼ਤੀ ਦਾਤਾ ਇੱਕ ਦਾ ਹੀ ਨਾਮ ਬਾਲਾ ਹੈ, ਜਿਸ ਨੂੰ ਫਿਰ ਸਰਵਵਿਆਪੀ ਕਹਿੰਦੇ ਹਨ। ਫਿਰ ਗੁਰੂ ਕਰਨ ਦੀ ਕੀ ਲੋੜ ਹੈ। ਅਸੀਂ ਵੀ ਗੁਰੂ, ਤੁਸੀਂ ਵੀ ਗੁਰੂ, ਅਸੀਂ ਵੀ ਸ਼ਿਵ, ਤੁਸੀਂ ਵੀ ਸ਼ਿਵ - ਇਸ ਨਾਲ ਤੇ ਕਿਸੇ ਦਾ ਪੇਟ ਨਹੀਂ ਭਰਦਾ। ਬਾਕੀ ਹਾਂ, ਪਵਿਤ੍ਰ ਹਨ ਇਸਲਈ ਉਨ੍ਹਾਂ ਦਾ ਮਾਨ ਹੁੰਦਾ ਹੈ, ਸਦਗ਼ਤੀ ਦੇ ਨਹੀਂ ਸਕਦੇ। ਉਹ ਤਾਂ ਇੱਕ ਹੀ ਹੈ, ਜਿਸ ਨੂੰ ਸੱਚਾ - ਸੱਚਾ ਗੁਰੂ ਕਿਹਾ ਜਾਂਦਾ ਹੈ। ਗੁਰੂ ਤਾਂ ਅਨੇਕ ਤਰ੍ਹਾਂ ਦੇ ਹਨ। ਸਿਖਾਉਣ ਵਾਲੇ ਉਸਤਾਦ ਨੂੰ ਵੀ ਗੁਰੂ ਕਹਿੰਦੇ ਹਨ। ਇਹ ਵੀ ਉਸਤਾਦ ਹੈ। ਮਾਇਆ ਨਾਲ ਯੁੱਧ ਕਰਨਾ ਸਿਖਾਉਂਦੇ ਹਨ। ਤੁਸੀਂ ਬੱਚਿਆਂ ਨੂੰ ਤ੍ਰਿਕਾਲਦਰਸ਼ੀਪਨ ਦੀ ਨਾਲੇਜ਼ ਹੈ, ਜਿਸ ਨਾਲ ਤੁਸੀਂ ਚਕ੍ਰਵਰਤੀ ਬਣਦੇ ਹੋ। ਸ੍ਰਿਸ਼ਟੀ ਦੇ ਚਕ੍ਰ ਨੂੰ ਜਾਨਣ ਵਾਲੇ ਹੀ ਚਕ੍ਰਵਰਤੀ ਰਾਜਾ ਬਣਦੇ ਹਨ। ਮਾਇਆ ਦੇ ਚਕ੍ਰ ਨੂੰ ਜਾਂ ਕਲਪ ਬ੍ਰਿਖ ਦੇ ਆਦਿ - ਮਧ - ਅੰਤ ਨੂੰ ਜਾਨਣਾ, ਗੱਲ ਇੱਕ ਹੀ ਹੈ। ਚਕ੍ਰ ਦੀ ਨਿਸ਼ਾਨੀ ਬਹੁਤ ਸ਼ਾਸਤਰਾਂ ਵਿੱਚ ਵੀ ਲਿਖੀ ਹੋਈ ਹੈ। ਫਿਲਾਸਫੀ ਦੀ ਕਿਤਾਬ ਵੱਖ ਹੁੰਦੀ ਹੈ। ਕਿਤਾਬਾਂ ਤੇ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ। ਇੱਥੇ ਤੁਹਾਨੂੰ ਕਿਸੇ ਕਿਤਾਬ ਦੀ ਲੋੜ ਨਹੀਂ। ਤੁਹਾਨੂੰ ਤੇ ਜੋ ਬਾਪ ਸਿਖਾਉਂਦੇ ਹਨ ਉਹ ਸਮਝਣਾ ਹੈ। ਬਾਪ ਦੀ ਪ੍ਰੋਪਰਟੀ ਤੇ ਸਭ ਬੱਚਿਆਂ ਦਾ ਹੱਕ ਹੁੰਦਾ ਹੈ। ਪ੍ਰੰਤੂ ਸਵਰਗ ਵਿਚ ਸਭ

ਨੂੰ ਇੱਕ ਜਿਹੀ ਪ੍ਰੋਪਰਟੀ ਤੇ ਨਹੀਂ ਹੋਵੇਗੀ। ਰਾਜਾਈ ਹੈ ਉਨ੍ਹਾਂ ਦੀ ਜੋ ਬਾਪ ਦਾ ਬਣਿਆ। ਬਾਬਾ ਕਿਹਾ, ਥੋੜ੍ਹਾ ਵੀ ਗਿਆਨ ਸੁਣਿਆ, ਤਾਂ ਉਹ ਹੱਕਦਾਰ ਹੋ ਜਾਂਦੇ। ਪ੍ਰੰਤੂ ਨੰਬਰਵਾਰ। ਕਿੱਥੇ ਵਿਸ਼ਵ ਦੇ ਮਹਾਰਾਜਾ, ਕਿੱਥੇ ਪ੍ਰਜਾ ਦਾਸ - ਦਾਸੀਆਂ। ਇਹ ਸਾਰੀ ਰਾਜਧਾਨੀ ਸਥਾਪਨ ਹੋ ਰਹੀ ਹੈ। ਬਾਪ ਦਾ ਬਣਨ ਨਾਲ ਸਵਰਗ ਦਾ ਵਰਸਾ ਤਾਂ ਜਰੂਰ ਮਿਲਦਾ ਹੈ। ਵਰਸਾ ਮਿਲਦਾ ਹੈ ਬਾਪ ਤੋਂ। ਇਹ ਨਵੀਂਆਂ ਗੱਲਾਂ ਹੋਣ ਦੇ ਕਾਰਣ ਮਨੁੱਖ ਸਮਝਦੇ ਨਹੀਂ ਹਨ। ਬਾਪ ਸਮਝਾਉਂਦੇ ਹਨ ਸਤਿਯੁਗ ਵਿੱਚ ਵਿਕਾਰ ਨਹੀਂ ਹਨ। ਮਾਇਆ ਹੀ ਨਹੀਂ ਤਾਂ ਵਿਕਾਰ ਕਿੱਥੇ ਤੋਂ ਆਉਣ। ਮਾਇਆ ਦਾ ਰਾਜ ਸ਼ੁਰੂ ਹੁੰਦਾ ਹੈ ਦਵਾਪਰ ਤੋਂ। ਇਹ ਹੈ ਰਾਵਣ ਦੀਆਂ ਪੰਜ ਜੰਜੀਰਾਂ। ਉੱਥੇ ਇਹ ਹੁੰਦੀਆਂ ਨਹੀਂ। ਜਿਆਦਾ ਡਿਸਕਸ ਨਹੀਂ ਕਰਨਾ ਹੈ। ਉਹ ਹੈ ਸੰਪੂਰਨ ਨਿਰਵਿਕਾਰੀ ਦੁਨੀਆ। ਬਾਕੀ ਬੱਚੇ ਪੈਦਾ ਹੋਣ ਦੀ, ਗੱਦੀ ਤੇ ਬੈਠਣ ਦੀ, ਮਹਿਲ ਆਦਿ ਬਨਾਉਣ ਦੀ ਜੋ ਰਸਮ - ਰਿਵਾਜ ਹੋਵੇਗੀ - ਉਹ ਜਰੂਰ ਚੰਗੀ ਹੋਵੇਗੀ ਕਿਉਂਕਿ ਸਵਰਗ ਹੈ।

ਬਾਪ ਸਮਝਾਉਂਦੇ ਹਨ - ਬੱਚੇ ਇਸ ਰੂਹਾਨੀ ਯਾਤਰਾ ਵਿੱਚ ਤੁਹਾਨੂੰ ਨਿਰੰਤਰ ਬੁੱਧੀਯੋਗ ਲਗਾਉਣਾ ਹੈ। ਇਹ ਬਹੁਤ ਸਹਿਜ ਹੈ। ਭਗਤੀ ਮਾਰਗ ਵਿੱਚ ਵੀ ਸਵੇਰੇ ਉਠਦੇ ਹਨ। ਗਿਆਨ ਮਾਰਗ ਵਿੱਚ ਵੀ ਸਵੇਰੇ ਉੱਠ ਬਾਪ ਨੂੰ ਯਾਦ ਕਰਨਾ ਹੈ ਹੋਰ ਕੋਈ ਕਿਤਾਬ ਆਦਿ ਪੜਨੀ ਨਹੀਂ ਹੈ। ਸਿਰਫ ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ ਕਿਉਂਕਿ ਛੋਟੇ - ਵੱਡੇ ਸਭ ਦਾ ਮੌਤ ਸਾਮ੍ਹਣੇ ਖੜਾ ਹੈ। ਮਰਦੇ ਵਕਤ ਕਹਿੰਦੇ ਹਨ - ਭਗਵਾਨ ਨੂੰ ਸਿਮਰੋ। ਅੰਤਕਾਲ ਜੇਕਰ ਭਗਵਾਨ ਨੂੰ ਨਹੀਂ ਸਿਮਰੋਗੇ ਤਾਂ ਸਵਰਗ ਵਿਚ ਜਾ ਨਹੀਂ ਸਕੋਗੇ। ਤਾਂ ਬਾਪ ਕਹਿੰਦੇ ਹਨ - ਮਨਮਨਾਭਵ। ਇਸ ਦੇਹ ਨੂੰ ਵੀ ਯਾਦ ਨਹੀਂ ਕਰਨਾ ਹੈ। ਅਸੀ ਆਤਮਾ ਐਕਟਰ ਹਾਂ, ਸ਼ਿਵਬਾਬਾ ਦੀ ਸੰਤਾਨ ਹਾਂ। ਲਗਾਤਾਰ ਯਾਦ ਵਿਚ ਰਹਿਣਾ ਹੈ। ਉਵੇਂ ਛੋਟੇ ਬੱਚਿਆਂ ਨੂੰ ਤਾਂ ਨਹੀਂ ਕਹਿਣਗੇ ਕਿ ਭਗਵਾਨ ਨੂੰ ਯਾਦ ਕਰੋ। ਇੱਥੇ ਸਭ ਨੂੰ ਕਹਿਣਾ ਪੈਂਦਾ ਹੈ ਕਿਉਂਕਿ ਸਭ ਨੂੰ ਬਾਪ ਦੇ ਕੋਲ ਜਾਣਾ ਹੈ, ਬਾਪ ਨਾਲ ਹੀ ਬੁੱਧੀਯੋਗ ਲਗਾਉਣਾ ਹੈ। ਕਿਸੇ ਨਾਲ ਲੜਾਈ - ਝਗੜਾ ਨਹੀਂ ਕਰਨਾ ਹੈ, ਇਹ ਨੁਕਸਾਨਕਾਰਕ ਹੈ। ਕੋਈ ਕੁਝ ਕਹੇ, ਸੁਣਿਆ - ਅਨਸੁਣਿਆ ਕਰ ਦੇਣਾ ਹੈ, ਸਾਮਨਾ ਨਹੀਂ ਕਰਨਾ ਚਾਹੀਦਾ ਹੈ, ਜੋ ਲੜਾਈ ਹੋ ਜਾਵੇ। ਹਰ ਗੱਲ ਵਿੱਚ ਸਹਿਣਸ਼ੀਲ ਵੀ ਹੋਣਾ ਚਾਹੀਦਾ ਹੈ ਅਤੇ ਫਿਰ ਸਮਝਾਉਣਾ ਹੈ ਬਾਪ, ਬਾਪ ਵੀ ਹੈ, ਧਰਮਰਾਜ ਵੀ ਹੈ। ਕੁਝ ਵੀ ਗੱਲ ਹੈ ਤਾਂ ਤੁਸੀਂ ਬਾਪ ਨੂੰ ਰਿਪੋਰਟ ਕਰੋ। ਫਿਰ ਧਰਮਰਾਜ ਦੇ ਕੋਲ ਪਹੁੰਚ ਹੀ ਜਾਵੇਗਾ ਅਤੇ ਸਜਾ ਦੇ ਭਾਗੀ ਬਣ ਪੈਣਗੇ। ਬਾਪ ਕਹਿੰਦੇ ਹਨ ਮੈਂ ਸੁਖ ਦਿੰਦਾ ਹਾਂ। ਦੁੱਖ ਮਤਲਬ ਸਜਾਵਾਂ ਧਰਮਰਾਜ ਦਿੰਦੇ ਹਨ। ਮੈਨੂੰ ਸਜਾ ਦੇਣ ਦਾ ਅਧਿਕਾਰ ਨਹੀਂ ਹੈ। ਮੈਨੂੰ ਸੁਣਾਓ, ਸਜਾ ਧਰਮਰਾਜ ਦੇਣਗੇ। ਬਾਬਾ ਨੂੰ ਸੁਣਾਉਣ ਨਾਲ ਹਲਕੇ ਹੋ ਜਾਣਗੇ ਕਿਉਂਕਿ ਇਹ ਫਿਰ ਵੀ ਰਾਇਟਹੈਂਡ ਹਨ। ਸਤਿਗੁਰੂ ਦਾ ਨਿੰਦਕ ਠੋਰ ਨਾ ਪਾਵੇ। ਜਜਮੈਂਟ ਤਾਂ ਧਰਮਰਾਜ ਹੀ ਦੇਣਗੇ ਕਿ ਕਿਸ ਦਾ ਦੋਸ਼ ਹੈ? ਉਨ੍ਹਾਂ ਤੋਂ ਕੁਝ ਛਿੱਪ ਨਹੀਂ ਸਕਦਾ। ਕਹਿਣਗੇ ਡਰਾਮੇ ਅਨੁਸਾਰ ਭੁੱਲ ਕੀਤੀ, ਕਲਪ ਪਹਿਲੇ ਵੀ ਕੀਤੀ ਹੋਵੇਗੀ। ਪਰ ਇਸਦਾ ਅਰਥ ਇਹ ਨਹੀਂ ਕੀ ਭੁੱਲ ਕਰਦੇ ਹੀ ਰਹਿਣਾ ਹੈ। ਫਿਰ ਅਭੁੱਲ ਕਿਵੇਂ ਬਣਨਗੇ? ਭੁੱਲ ਹੋ ਜਾਏ ਤਾਂ ਸ਼ਮਾ ਮੰਗਣੀ ਹੁੰਦੀ ਹੈ। ਬੰਗਾਲ ਵਿੱਚ ਕਿਸਦਾ ਪੈਰ ਆਦਿ ਲਗ ਜਾਂਦਾ ਹੈ ਤਾਂ ਝੱਟ ਸ਼ਮਾ ਮੰਗਦੇ ਹਨ। ਇੱਥੇ ਤੇ ਇੱਕ ਦੋ ਨੂੰ ਗਾਲ੍ਹਾਂ ਕੱਢਣ ਲਗ ਜਾਂਦੇ ਹਨ। ਮੈਨਰਸ ਬਹੁਤ ਚੰਗੇ ਹੋਣੇ ਚਾਹੀਦੇ ਹਨ। ਬਾਪ ਸਿਖਾਉਂਦੇ ਤਾਂ ਬਹੁਤ ਹਨ, ਪ੍ਰੰਤੂ ਸਮਝਦੇ ਨਹੀਂ ਤਾਂ ਸਮਝਿਆ ਜਾਂਦਾ ਹੈ ਇਨ੍ਹਾਂ ਦਾ ਰਜਿਸਟਰ ਖਰਾਬ ਹੈ। ਨਿੰਦਾ ਕਰਾਉਂਦੇ ਰਹਿੰਦੇ ਹਨ ਤਾਂ ਪਦਵੀ ਭ੍ਰਸ਼ਟ ਹੋ ਜਾਣਗੇ। ਜਨਮ ਜਨਮੰਤ੍ਰ ਦੇ ਵਿਕਰਮਾਂ ਦਾ ਬੋਝਾ ਤਾਂ ਹੈ ਹੀ। ਉਨ੍ਹਾਂ ਦੀ ਸਜਾ ਤੇ ਭੋਗਣੀ ਹੀ ਹੈ। ਫਿਰ ਇੱਥੇ ਰਹਿ ਕੇ ਜੇਕਰ ਵਿਕਰਮ ਕਰਦੇ ਹਨ ਤਾਂ ਉਨ੍ਹਾਂ ਨੂੰ ਸੌ ਗੁਣਾ ਸਜਾ ਮਿਲ ਜਾਂਦੀ ਹੈ। ਸਜਾ ਤਾਂ ਖਾਣੀ ਹੀ ਹੈ। ਜਿਵੇਂ ਬਾਬਾ ਕਾਸ਼ੀ ਕਲਵਟ ਦਾ ਸਮਝਾਉਂਦੇ ਹਨ। ਉਹ ਹੈ ਭਗਤੀ ਮਾਰਗ ਦਾ। ਇਹ ਗਿਆਨ ਮਾਰਗ ਦੀ ਗੱਲ ਹੈ। ਇੱਕ ਤਾਂ ਪਹਿਲੇ ਵਾਲੇ ਵਿਕਰਮ ਹਨ , ਦੂਸਰਾ ਫਿਰ ਇਸ ਵੇਲੇ ਜੋ ਕਰਦੇ ਹਨ ਉਸ ਦਾ ਦੰਡ ਸੌਗੁਣਾ ਹੋ ਜਾਂਦਾ ਹੈ। ਬਹੁਤ ਕੜੀ ਸਜਾ ਖਾਣੀ ਪਵੇਗੀ। ਬਾਪ ਤੇ ਹਰ ਇੱਕ ਗੱਲ ਸਮਝਾਉਂਦੇ ਹਨ। ਕੋਈ ਪਾਪ ਨਾ ਕਰੋ, ਨਸ਼ਟੋਮੋਹਾ ਬਣੋ। ਕਿੰਨੀ ਮੇਹਨਤ ਹੈ। ਇਸ ਮੰਮਾ - ਬਾਬਾ ਨੂੰ ਯਾਦ ਨਹੀਂ ਕਰਨਾ ਹੈ। ਉਨ੍ਹਾਂ ਨੂੰ ਯਾਦ ਕਰਨ ਨਾਲ ਜਮਾਂ ਨਹੀਂ ਹੋਵੇਗਾ। ਇਨ੍ਹਾਂ ਵਿਚ ਸ਼ਿਵਬਾਬਾ ਆਉਂਦੇ ਹਨ ਤਾਂ ਯਾਦ ਸ਼ਿਵਬਾਬਾ ਨੂੰ ਕਰਨਾ ਹੈ। ਅਜਿਹਾ ਨਹੀਂ ਕਿ ਇਨ੍ਹਾਂ ਵਿਚ ਸ਼ਿਵਬਾਬਾ ਹਨ ਇਸਲਈ ਇਨ੍ਹਾਂ ਦੀ ਯਾਦ ਰਹੇ। ਨਹੀਂ, ਸ਼ਿਵਬਾਬਾ ਨੂੰ ਉੱਥੇ ਯਾਦ ਕਰਨਾ ਹੈ। ਸ਼ਿਵਬਾਬਾ ਅਤੇ ਸਵੀਟਹੋਮ ਨੂੰ ਯਾਦ ਕਰਨਾ ਹੈ। ਜਿੰਨ ਮੁਆਫਿੱਕ ਬੁੱਧੀ ਵੀ ਯਾਦ ਰੱਖਣਾ ਹੈ - ਸ਼ਿਵਬਾਬਾ ਉੱਥੇ ਰਹਿੰਦੇ ਹਨ, ਸ਼ਿਵਬਾਬਾ ਇੱਥੇ ਆਕੇ ਸੁਣਾਉਂਦੇ ਹਨ, ਲੇਕਿਨ ਸਾਨੂੰ ਯਾਦ ਉੱਥੇ ਕਰਨਾ ਹੈ, ਇੱਥੇ ਨਹੀਂ। ਬੁੱਧੀ ਦੂਰ ਜਾਣੀ ਚਾਹੀਦੀ ਹੈ, ਇੱਥੇ ਨਹੀਂ। ਇਹ ਸ਼ਿਵਬਾਬਾ ਤੇ ਚਲਾ ਜਾਵੇਗਾ। ਸ਼ਿਵਬਾਬਾ ਇਸ ਇੱਕ ਵਿਚ ਹੀ ਆਉਂਦੇ ਹਨ। ਮੰਮਾ ਵਿੱਚ ਉਨ੍ਹਾਂ ਨੂੰ ਵੇਖ ਨਹੀਂ ਸਕਦੇ। ਤੁਸੀਂ ਜਾਣਦੇ ਹੋ ਇਹ ਬਾਬਾ ਦਾ ਰਥ ਹੈ ਪ੍ਰੰਤੂ ਇਨ੍ਹਾਂ ਦੇ ਚਿਹਰੇ ਨੂੰ ਨਹੀਂ ਵੇਖਣਾ ਹੈ। ਬੁੱਧੀ ਉੱਥੇ ਲਟਕੀ ਰਹੇ। ਇੱਥੇ ਬੁੱਧੀ ਰਹਿਣ ਨਾਲ ਇਤਨਾ ਮਜਾ ਨਹੀਂ ਆਵੇਗਾ। ਇਹ ਕੋਈ ਯਾਤਰਾ ਨਹੀਂ ਹੋਈ। ਯਾਤ੍ਰਾ ਦੀ ਹੱਦ ਤੁਹਾਡੀ ਉੱਥੇ ਹੈ। ਇਵੇਂ ਨਹੀਂ ਕਿ ਬਾਬਾ ਨੂੰ ਹੀ ਵੇਖਦੇ ਰਹੋ ਕਿਉਂਕਿ ਇਨ੍ਹਾਂ ਵਿਚ ਸ਼ਿਵ ਹੈ। ਫਿਰ ਉੱਪਰ ਜਾਣ ਦੀ ਆਦਤ ਛੁੱਟ ਜਾਂਦੀ ਹੈ। ਬਾਪ ਕਹਿੰਦੇ ਹਨ ਮੈਨੂੰ ਉੱਥੇ ਯਾਦ ਕਰੋ, ਬੁੱਧੀਯੋਗ ਉੱਥੇ ਲਗਾਓ। ਕਈ ਬੁਧੂ ਸਮਝਦੇ ਹਨ ਕਿ ਬਾਬਾ ਨੂੰ ਹੀ ਬੈਠ ਵੇਖੀਏ। ਅਰੇ, ਬੁੱਧੀ ਨੂੰ ਸਵੀਟ ਹੋਮ ਵਿੱਚ ਲਗਾਉਣਾ ਹੈ। ਸ਼ਿਵਬਾਬਾ ਤੇ ਸਦਾ ਰਥ ਤੇ ਰਹਿ ਨਹੀਂ ਸਕਦੇ। ਇੱਥੇ ਆਕੇ ਸਿਰਫ ਸਰਵਿਸ ਕਰਨਗੇ। ਸਵਾਰੀ ਲੈ ਫਿਰ ਸਰਵਿਸ ਕਰ ਫਿਰ ਉਤਰ ਜਾਣਗੇ। ਬੈਲ ਤੇ ਸਦਾ ਸਵਾਰੀ ਹੋ ਨਹੀਂ ਸਕਦੀ। ਤਾਂ ਬੁੱਧੀ ਉੱਥੇ ਰਹਿਣੀ ਚਾਹੀਦੀ ਹੈ। ਬਾਬਾ ਆਉਂਦੇ ਹਨ, ਮੁਰਲੀ ਚਲਾਕੇ ਚਲੇ ਜਾਂਦੇ ਹਨ। ਇਨ੍ਹਾਂ ਦੀ ਬੁੱਧੀ ਵੀ ਉਥੇ ਰਹਿੰਦੀ ਹੈ। ਰਸਤਾ ਬਰੋਬਰ ਫੜਨਾ ਚਾਹੀਦਾ ਹੈ। ਨਹੀਂ ਤਾਂ ਘੜੀ - ਘੜੀ ਡਿੱਗ ਪੈਂਦੇ ਹਨ। ਇਹ ਤਾਂ ਥੋੜ੍ਹਾ ਸਮੇਂ ਹਨ। ਇਨ੍ਹਾਂ ਵਿਚ ਸ਼ਿਵਬਾਬਾ ਹੀ ਨਹੀਂ ਹੋਵੇਗਾ ਤਾਂ ਯਾਦ ਕਿਓਂ ਕਰਨਗੇ? ਮੁਰਲੀ ਤਾਂ ਇਹ ਵੀ ਸੁਣਾ ਸਕਦੇ ਹਨ, ਇਨ੍ਹਾਂ ਵਿਚ ਕਦੇ ਹਨ, ਕਦੇ ਨਹੀਂ ਹਨ। ਕਦੇ ਰੈਸਟ ਲੈਂਦੇ ਹਨ। ਤੁਸੀਂ ਯਾਦ ਉੱਥੇ ਕਰੋ।

ਕਦੇ - ਕਦੇ ਬਾਬਾ ਖਿਆਲ ਕਰਦੇ ਹਨ - ਡਰਾਮਾ ਅਨੁਸਾਰ ਕਲਪ ਪਹਿਲੇ ਅੱਜ ਦੇ ਦਿਨ ਜੋ ਮੁਰਲੀ ਚਲਾਈ ਸੀ ਉਹ ਹੀ ਜਾਕੇ ਚਲਾਵਾਂਗੇ। ਤੁਸੀਂ ਵੀ ਕਹਿ ਸਕਦੇ ਹੋ ਕਿ ਕਲਪ ਪਹਿਲੇ ਬਾਪ ਤੋਂ ਜਿੰਨਾਂ ਵਰਸਾ ਲਿਆ ਸੀ, ਉਨਾਂ ਹੀ ਲਵਾਂਗੇ। ਸ਼ਿਵਬਾਬਾ ਦਾ ਨਾਮ ਜਰੂਰ ਲੈਣਾ ਪਵੇ। ਪ੍ਰੰਤੂ ਇਵੇਂ ਕਿਸੇ ਨੂੰ ਆਵੇਗਾ ਨਹੀਂ। ਬਾਪ ਜਰੂਰ ਯਾਦ ਆਵੇਗਾ। ਬਾਪ ਦਾ ਹੀ ਪਰਿਚੈ ਦੇਣਾ ਹੈ। ਇਵੇਂ ਨਹੀਂ, ਸਿਰਫ ਇਨ੍ਹਾਂ ਨੂੰ ਬੈਠ ਵੇਖਣਾ ਹੈ। ਬਾਬਾ ਨੇ ਸਮਝਾਇਆ ਹੈ - ਸ਼ਿਵਬਾਬਾ ਨੂੰ ਯਾਦ ਕਰੋ, ਨਹੀਂ ਤਾਂ ਪਾਪ ਹੋ ਜਾਵੇਗਾ। ਨਿਰੰਤਰ ਬਾਪ ਨੂੰ ਯਾਦ ਕਰਨਾ ਹੈ, ਨਹੀਂ ਤਾਂ ਵਿਕਰਮ ਵਿਨਾਸ਼ ਨਹੀਂ ਹੋਣਗੇ। ਵੱਡੀ ਮੰਜਿਲ ਹੈ। ਮਾਸੀ ਦਾ ਘਰ ਥੋੜ੍ਹੀ ਨਾ ਹੈ। ਇਵੇਂ ਨਹੀਂ, ਭੋਜਨ ਤੇ ਪਹਿਲੇ ਯਾਦ ਕੀਤਾ ਫਿਰ ਖਲਾਸ, ਇਵੇਂ ਹੀ ਭੋਜਨ ਖਾਣ ਲੱਗ ਪਏ। ਨਹੀਂ, ਸਾਰਾ ਸਮੇਂ ਯਾਦ ਕਰਨਾ ਪਵੇ। ਮੇਹਨਤ ਹੈ। ਇਵੇਂ ਥੋੜ੍ਹੀ ਨਾ ਉੱਚ ਪਦਵੀ ਮਿਲ ਸਕਦੀ ਹੈ। ਤਾਂ ਤੇ ਵੇਖੋ ਕਰੋੜਾਂ ਵਿਚੋਂ ਅੱਠ ਰਤਨ ਪਾਸ ਹੁੰਦੇ ਹਨ। ਮੰਜਿਲ ਬਹੁਤ ਭਾਰੀ ਹੈ। ਵਿਸ਼ਵ ਦਾ ਮਾਲਿਕ ਬਣਨਾ ਹੈ, ਇਹ ਤਾਂ ਕਿਸੇ ਦੀ ਬੁੱਧੀ ਵਿੱਚ ਨਹੀਂ ਹੋਵੇਗਾ। ਇਨ੍ਹਾਂ ਦੀ ਬੁੱਧੀ ਵਿੱਚ ਵੀ ਨਹੀਂ ਸੀ। ਹੁਣ ਖਿਆਲ ਕੀਤਾ ਜਾਂਦਾ ਹੈ, 84 ਜਨਮ ਕਿਸ ਨੂੰ ਮਿਲਦੇ ਹਨ? ਜਰੂਰ ਜੋ ਪਹਿਲੇ ਆਉਂਦੇ ਹਨ ਉਹ ਹਨ ਲਕਸ਼ਮੀ - ਨਾਰਾਇਣ। ਇਹ ਹਨ ਸਭ ਵਿਚਾਰ ਸਾਗਰ ਮੰਥਨ ਕਰਨ ਦੀਆਂ ਗੱਲਾਂ। ਬਾਪ ਸਮਝਾਉਂਦੇ ਹਨ - ਹੱਥ ਕਾਰ ਡੇ, ਦਿਲ ਯਾਦ ਡੇ। ਭਾਵੇਂ ਧੰਧੇ ਆਦਿ ਵਿੱਚ ਰਹੋ, ਪ੍ਰੰਤੂ ਨਿਰੰਤਰ ਬਾਪ ਨੂੰ ਯਾਦ ਕਰਦੇ ਰਹੋ। ਇਹ ਹੈ ਯਾਤ੍ਰਾ। ਤੀਰਥਾਂ ਤੇ ਜਾਕੇ ਫਿਰ ਮੁੜਨਾ ਨਹੀਂ ਹੈ। ਤੀਰਥ ਬਹੁਤ ਮਨੁੱਖ ਕਰਦੇ ਹਨ, ਹੁਣ ਤੇ ਉੱਥੇ ਵੀ ਗੰਦ ਹੋ ਗਿਆ ਹੈ। ਨਹੀਂ ਤਾਂ ਤੀਰਥ ਸਥਾਨ ਤੇ ਕਦੇ ਵੈਸ਼ਲਿਆ ਨਹੀਂ ਹੁੰਦੇ। ਹੁਣ ਕਿੰਨੇ ਭ੍ਰਸ਼ਟਾਚਾਰ ਹਨ। ਇੱਕ ਧਨੀ ਤਾਂ ਕੋਈ ਹੈ ਨਹੀਂ। ਝੱਟ ਗਾਲੀ ਦੇਣ ਲੱਗ ਜਾਂਦੇ। ਅੱਜ ਚੀਫ਼ ਮਨਿਸਟਰ ਹਨ, ਕਲ ਉਨ੍ਹਾਂ ਨੂੰ ਵੀ ਉਤਾਰ ਦਿੰਦੇ। ਮਾਇਆ ਦੇ ਮੁਰੀਦ ਬਣ ਜਾਂਦੇ। ਪੈਸੇ ਇੱਕਠੇ ਕਰਨਗੇ, ਮਕਾਨ ਬਨਾਉਣਗੇ, ਧਨ ਦੇ ਪਿੱਛੇ ਚੋਰੀ ਕਰਨ ਲੱਗ ਪੈਂਦੇ ਹਨ। ਤੁਸੀਂ ਹੁਣ ਸਵਰਗ ਵਿਚ ਜਾਣ ਦੀ ਤਿਆਰੀ ਕਰ ਰਹੇ ਹੋ, ਉਹ ਹੀ ਯਾਦ ਆਉਣਾ ਚਾਹੀਦਾ ਹੈ। ਧਾਰਨਾ ਵੀ ਹੋਣੀ ਚਾਹੀਦੀ ਹੈ। ਮੁਰਲੀ ਲਿਖਕੇ ਫਿਰ ਰਿਵਾਇਜ ਕਰਨੀ ਚਾਹੀਦੀ ਹੈ। ਫੁਰਸਤ ਤੇ ਬਹੁਤ ਰਹਿੰਦੀ ਹੈ। ਰਾਤ ਨੂੰ ਤੇ ਬਹੁਤ ਫੁਰਸਤ ਹੈ। ਰਾਤ ਨੂੰ ਜਾਗੋ ਤਾਂ ਆਫ਼ਤ ਪੈ ਜਾਵੇਗੀ। ਜੋ ਸੱਚਾ - ਸੱਚਾ ਬਾਬਾ ਨੂੰ ਯਾਦ ਕਰਨ ਵਾਲਾ ਹੋਵੇਗਾ ਉਨ੍ਹਾਂ ਦੀ ਅੱਖ ਆਪੇ ਹੀ ਖੁਲ ਜਾਵੇਗੀ। ਬਾਬਾ ਅਨੁਭਵ ਦੱਸਦੇ ਹਨ। ਕਿਵੇਂ ਰਾਤ ਨੂੰ ਅੱਖ ਖੁੱਲ ਜਾਂਦੀ ਹੈ। ਹੁਣ ਤਾਂ ਨੀਂਦ ਦੇ ਲਈ ਹੋਰ ਹੀ ਪੁਰਸ਼ਾਰਥ ਕਰਦੇ ਹਨ। ਹਾਂ ਸਥੂਲ਼ ਕੰਮ ਕਰਨ ਨਾਲ ਵੀ ਸ਼ਰੀਰ ਨੂੰ ਥਕਾਵਟ ਹੁੰਦੀ ਹੈ। ਬਾਬਾ ਦਾ ਰਥ ਵੀ ਵੇਖੋ ਕਿੰਨਾਂ ਪੁਰਾਣਾ ਹੈ। ਵਿਚਾਰ ਹੈ, ਬਾਬਾ ਪਤਿਤ ਦੁਨੀਆ ਵਿਚ ਆਕੇ ਕਿੰਨੀ ਮੇਹਨਤ ਕਰਦੇ ਹਨ। ਭਗਤੀ ਮਾਰਗ ਵਿੱਚ ਵੀ ਮੇਹਨਤ ਕਰਦੇ ਸਨ, ਹੁਣ ਵੀ ਮੇਹਨਤ ਕਰਦੇ ਹਨ। ਸ਼ਰੀਰ ਵੀ ਪਤਿਤ ਤਾਂ ਦੁਨੀਆ ਵੀ ਪਤਿਤ। ਬਾਬਾ ਕਹਿੰਦੇ ਹਨ ਮੈਂ ਅਧਾਕਲਪ ਤਾਂ ਬਹੁਤ ਆਰਾਮ ਕਰਦਾ ਹਾਂ, ਕੁਝ ਵੀ ਖਿਆਲ ਨਹੀਂ ਕਰਨਾ ਪੈਂਦਾ ਹੈ। ਭਗਤੀ ਮਾਰਗ ਵਿੱਚ ਬਹੁਤ ਖਿਆਲ ਕਰਨਾ ਪੈਂਦਾ ਹੈ ਇਸਲਈ ਬਾਪ ਨੂੰ ਰਹਿਮਦਿਲ ਗਾਇਆ ਹੋਇਆ ਹੈ। ਔਸ਼ਨ ਆਫ ਨਾਲੇਜ਼, ਔਸ਼ਨ ਆਫ ਬਲਿਸ, ਕਿੰਨੀ ਮਹਿਮਾ ਕਰਦੇ ਹਨ। ਉਹ ਹੀ ਬਾਪ ਹੁਣ ਸਾਨੂੰ ਪੜਾਉਂਦੇ ਹਨ ਹੋਰ ਕੋਈ ਪੜਾ ਨਹੀਂ ਸਕਦਾ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਕਿਸੇ ਦਾ ਵੀ ਸਾਮਨਾ ਨਹੀਂ ਕਰਨਾ ਹੈ, ਕੋਈ ਕੁਝ ਕਹੇ ਤਾਂ ਸੁਣਿਆ - ਅਣਸੁਣਿਆ ਕਰ ਦੇਣਾ ਹੈ। ਸਹਿਣਸ਼ੀਲ ਬਣਨਾ ਹੈ। ਸਤਿਗੁਰੂ ਦੀ ਨਿੰਦਾ ਨਹੀਂ ਕਰਵਾਉਣੀ ਹੈ।

2. ਆਪਣਾ ਰਜਿਸ਼ਟਰ ਖਰਾਬ ਹੋਣ ਨਹੀਂ ਦੇਣਾ ਹੈ। ਭੁੱਲ ਹੋ ਜਾਵੇ ਤਾਂ ਬਾਪ ਨੂੰ ਸੁਣਾਕੇ ਮਾਫੀ ਮੰਗ ਲੈਣੀ ਹੈ। ਉੱਥੇ ( ਉੱਪਰ)ਯਾਦ ਕਰਨ ਦੀ ਆਦਤ ਪਾਉਣੀ ਹੈ।

ਵਰਦਾਨ:- ਸਾਇਲੇਂਸ ਦੀ ਸ਼ਕਤੀ ਦਵਾਰਾ ਜਮਾਂ ਦੇ ਖਾਤੇ ਨੂੰ ਵਧਾਉਣ ਵਾਲੇ ਸ੍ਰੇਸ਼ਠ ਪਦਵੀ ਦੇ ਅਧਿਕਾਰੀ ਭਵ।
ਜਿਵੇਂ ਵਰਤਮਾਨ ਸਮੇਂ ਸਾਇੰਸ ਦੀ ਸ਼ਕਤੀ ਦਾ ਬਹੁਤ ਪ੍ਰਭਾਵ ਹੈ, ਅਲਪਕਾਲ ਦੇ ਲਈ ਪ੍ਰਾਪਤੀ ਕਰਵਾ ਰਹੀ ਹੈ। ਇਵੇਂ ਸਾਇਲੇਂਸ ਦੀ ਸ਼ਕਤੀ ਦਵਾਰਾ ਜਮਾਂ ਦਾ ਖਾਤਾ ਵਧਾਓ। ਬਾਪ ਦੀ ਦੀਵਿਯ ਦ੍ਰਿਸ਼ਟੀ ਨਾਲ ਖੁਦ ਵਿੱਚ ਸ਼ਕਤੀ ਜਮਾ ਕਰੋ ਤਾਂ ਜਮਾ ਕੀਤਾ ਹੋਇਆ ਸਮੇਂ ਤੇ ਦੂਜਿਆਂ ਨੂੰ ਦੇ ਸਕੋਗੇ। ਜੋ ਦ੍ਰਿਸ਼ਟੀ ਦੇ ਮਹੱਤਵ ਨੂੰ ਜਾਣ ਕੇ ਸਾਇਲੇਂਸ ਦੀ ਸ਼ਕਤੀ ਜਮਾਂ ਕਰ ਲੈਂਦੇ ਹਨ ਉਹ ਹੀ ਸ੍ਰੇਸ਼ਠ ਪਦਵੀ ਦੇ ਅਧਿਕਾਰੀ ਬਣਦੇ ਹਨ। ਉਨ੍ਹਾਂ ਦੇ ਚਿਹਰੇ ਤੋਂ ਖੁਸ਼ੀ ਦੀ ਰੂਹਾਨੀ ਝਲਕ ਵਿਖਾਈ ਦਿੰਦੀ ਹੈ।

ਸਲੋਗਨ:- ਆਪਣੇ ਆਪ ਨੈਚੁਰਲ ਅਟੈਂਸ਼ਨ ਹੋਵੇ ਤਾਂ ਕਿਸੇ ਵੀ ਤਰ੍ਹਾਂ ਦਾ ਟੈਂਸ਼ਨ ਆ ਨਹੀਂ ਸਕਦਾ।

******